**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਮੱਗਰਾ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
ਪੰਜਵੀ ਮੰਜਿਲ, ਬਲਾਕ ਈ, ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਫੇਜ਼ 8, ਐਸ.ਏ.ਐਸ (ਮੁਹਾਲੀ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿੱ),
ਪੰਜਾਬ।

**ਮੀਮੋ ਨੰ:** ਸਮਗਰਾ/ਸਮਾਰਟ ਸਕੂਲ/2021 21 41 44 ਮਿਤੀ: 08-07-2021

**ਵਿਸ਼ਾ: ਸਕੂਲਾਂ ਵਿੱਚ Educational Parks ਸਥਾਪਿਤ ਕਰਨ ਸੰਬੰਧੀ ਹਦਾਇਤਾਂ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਵਿਸ਼ੇ ਅਧੀਨ ਸਮੱਗਰਾ ਸਿੱਖਿਆ ਸਾਲ 2021-22 ਤਹਿਤ ਭਾਰਤ ਸਰਕਾਰ ਵੱਲੋਂ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਲਈ Educational Park ਲਈ recommend ਕੀਤੀ ਗਈ ਹੈ। 8500 ਪ੍ਰਾਇਮਰੀ ਅਤੇ ਮਿਡਲ ਸਕੂਲਾਂ ਨੂੰ 10000/- ਰੁ. ਪ੍ਰਤੀ ਸਕੂਲ ਦੇ ਹਿਸਾਬ ਨਾਲ ਰਾਸ਼ੀ ਜਾਰੀ ਕੀਤੀ ਜਾ ਰਹੀ ਹੈ ਅਤੇ 849 ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਨੂੰ 15000/-ਰੁ. ਪ੍ਰਤੀ ਸਕੂਲ ਦੇ ਹਿਸਾਬ ਨਾਲ ਰਾਸ਼ੀ ਜਾਰੀ ਕੀਤੀ ਗਈ ਹੈ ਜਿਸ ਦਾ ਜਿਲ੍ਹਾ ਵਾਈਜ਼ ਅਤੇ ਸਕੂਲ ਵਾਇਜ ਵੇਰਵਾ ਨਾਲ ਨੱਥੀ ਹੈ।

3.0 ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਲਈ Educational Parks ਸਥਾਪਿਤ ਕਰਨ ਸਮੇਂ ਹੇਠ ਲਿਖੀਆਂ ਹਦਾਇਤਾਂ ਦਾ ਪਾਲਣ ਕੀਤਾ ਜਾਵੇ:-

1) Educational Parks ਬਣਾਉਣ ਦਾ ਮੁੱਖ ਮੰਤਵ ਵਿਦਿਆਰਥੀਆਂ ਵਿੱਚ ਭੂਗੋਲਿਕ, ਵਿਗਿਆਨਿਕ ਅਤੇ ਗਣਿਤਿਕ ਦ੍ਰਿਸ਼ਟੀਕੋਣ ਵਿੱਚ ਵਾਧਾ ਕਰਨਾ ਹੈ।

2) Educational Parks ਦੀ designing ਵੇਲੇ, ਸਕੂਲ ਵਿੱਚ ਉਪਲੱਬਧ space ਨੂੰ ਧਿਆਨ ਵਿੱਚ ਰੱਖਦਿਆ ਹੋਏ, ਵੱਖ-ਵੱਖ ਵਿਸ਼ਾ ਅਧਿਆਪਕ ਨਾਲ ਮਿਲ ਕੇ Planningਕੀਤੀ ਜਾਵੇ ਜੇਕਰ ਸਕੂਲ ਵਿੱਚ Art & Craft ਅਧਿਆਪਕ ਹੋਵੇ ਤਾਂ ਉਸ ਦੀ ਸਲਾਹ ਜਰੂਰ ਲਈ ਜਾਵੇ। ਇਸ ਤੋਂ ਇਲਾਵਾ ਪ੍ਰਾਇਮਰੀ ਸਕੂਲਾਂ ਲਈ " ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ " ਦੇ BMTs, CMTs, ਅਤੇ ਮਿਡਲ,ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾ ਲਈ DMs, ਅਤੇ BMs ਦੀ ਮਦਦ ਵੀ ਲਈ ਜਾਵੇ।

3) ਵੱਖ-ਵੱਖ ਵਿਸ਼ਿਆਂ ਦੇ Educational Parks ਬਣਾਉਣ ਸਮੇਂ, ਜੇਕਰ ਸਕੂਲcampus ਵਿੱਚ ਜਗ੍ਹਾਂ ਦੀ ਘਾਟ ਹੋਵੇ ਤਾਂ ਸਮੂਹ ਵਿਸ਼ਿਆਂ ਲਈ ਸਾਰੇ subjects ਦਾ ਸਾਂਝਾ Educational Park ਤਿਆਰ ਕੀਤਾ ਜਾ ਸਕਦਾ ਹੈ।

4) Educational Parks ਵਿੱਚ ਸਥਾਪਿਤ ਕੀਤੇ ਜਾਣ ਵਾਲੇ ਮਾਡਲ ਫਾਈਬਰ, ਪਲਾਸਟਿਕ, ਲੋਹੇ ਦੀ ਵਰਤੋਂ ਨਾਲ ਤਿਆਰ ਕੀਤੇ ਜਾ ਸਕਦੇ ਹਨ। ਇਹਨਾਂ ਮਾਡਲਾਂ ਨੂੰ ਬਣਾਉਣ ਦੇ ਲਈ ਸਕੂਲ ਵਿੱਚ ਪਏ ਵਾਧੂ ਸਮਾਨ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

5) ਸਕੂਲਾਂ ਵਿੱਚ ਸਥਾਪਿਤ ਕੀਤੇ ਜਾਣ ਵਾਲੇ Educational Parks curriculum based ਹੋਣ ਤਾਂ ਜੋ ਵਿਦਿਆਰਥੀਆਂ ਨੂੰ concepts ਬਾਰੇ ਜਾਣਕਾਰੀ ਪ੍ਰਾਪਤ ਹੋ ਸਕੇ।

6) Educational Parks ਵਿੱਚ 3-D Models, Working Models ਅਤੇ ਦੈਨਿਕ ਜੀਵਨ ਵਿੱਚ ਇਸ ਦੀ ਵਰਤੋਂ ਨੂੰ ਦਰਸਾਉਂਦੇ ਹੋਵੇ ਮਾਡਲ ਦੀ ਸ਼ਮੂਲੀਅਤ ਵੱਧ ਤੋਂ ਵੱਧ ਹੋਵੇ।

7) Educational Park ਵਿੱਚ display model ਦੇ ਸਿਧਾਂਤ ਬਾਰੇ, ਉਸਦੀ ਸਹੀ ਵਰਤੋਂ ਅਤੇ ਸਹੀ terminology ਨੂੰ ਪੰਜਾਬੀ ਅਤੇ ਅੰਗਰੇਜੀ ਦੋਵੇਂ ਭਾਸ਼ਾਵਾਂ ਵਿੱਚ ਵਿਸਤ੍ਰਿਤ ਰੂਪ ਵਿੱਚ ਲਿੱਖਿਆ ਜਾਵੇ।

8) Educational Park ਵਿੱਚ ਬਣਾਏ ਜਾਣ ਵਾਲੇ Models/ ਨਕਸ਼ੇ / Working Models/ Display Boards ਇਸ ਤਰ੍ਹਾਂ install ਜਾਂ ਸਥਾਪਿਤ ਕੀਤੇ ਜਾਣ ਕਿ ਵਿਦਿਆਰਥੀ ਉਹਨਾਂ ਤੱਕ ਪਹੁੰਚ ਸਕਣ ਅਤੇ ਅਧਿਆਪਕ ਦੀ ਸਹਾਇਤਾ ਨਾਲ ਉਸਦੀ ਜਾਣਕਾਰੀ ਲੈ ਸਕਣ ।

9) Educational Park ਵਿੱਚ display ਕੀਤੀ ਜਾਣਕਾਰੀ ਪੂਰੀ ਵਿਸ਼ਾ-ਗਤ ਅਤੇ accurate ਹੋਣੀ ਲਾਜ਼ਮੀ ਹੈ।

10) ਪਾਰਕ ਦੇ ਕੇਂਦਰ ਵਿੱਚ ਇਕ ਆਇਡੀਆ ਪੁਆਇੰਟ ਬਣਾਇਆ ਜਾਵੇ। ਇਸ ਸਥਾਨ ਤੇ ਇੱਕ ਪੋਲ ਦੇ ਨਾਲ ਇੱਕ ਬਕਸਾ ਲਗਾਇਆ ਜਾ ਸਕਦਾ ਹੈ। ਵਿਦਿਆਰਥੀ ਇਸ ਸਥਾਨ ਤੇ ਬੈਠ ਕੇ ਸੋਚਣ ਕਿ ਹੋਰ ਕੀ ਕੁਝ ਕੀਤਾ ਜਾ ਸਕਦਾ ਹੈ। ਚਰਚਾ ਤੋਂ ਉਤਪੰਨ ਹੋਏ ਵਿਚਾਰ ਨੂੰ ਬਕਸੇ ਵਿੱਚ ਪਾਇਆ ਜਾ ਸਕਦਾ ਹੈ।

11) ਇਹਨਾਂ ਪਾਰਕਾਂ ਦੁਆਰਾ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਦੈਨਿਕ ਜੀਵਨ ਨਾਲ ਜੋੜਦੇ ਹੋਏ ਪੂਰੀ ਤਰ੍ਹਾਂ ਰੋਚਕ, ਜਾਣਕਾਰੀ ਭਰਪੂਰ, ਸਹਿਜ ਤਰੀਕੇ ਨਾਲ ਸਮਝ ਆਉਣ ਵਾਲੀ ਹੋਣੀ ਚਾਹੀਦੀ ਹੈ।

12) ਵੱਖ-ਵੱਖ ਵਿਸ਼ਿਆਂ ਲਈ ਤਿਆਰ ਕੀਤੇ models/ ਨਕਸ਼ੇ ਤਿਆਰ ਕਰਣ ਲਈ ਸਮੱਗਰੀ ਦੀ ਗੁਣਵੱਤਾ ਬਾਰੇ ਧਿਆਨ ਰੱਖਿਆ ਜਾਵੇ ਅਤੇ ਇਸ ਤਰ੍ਹਾਂ ਬਣੇ ਪਾਰਕ ਦਾ ਇੱਕ ਵਾਰ ਸਥਾਪਿਤ ਹੋਣ ਉਪਰੰਤ ਇਹਨਾਂ ਦੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਵਰਤੋਂ ਅਤੇ ਇਸ ਦੀ ਸਾਂਭ-ਸੰਭਾਲ ਅਤੇ ਸਮੇਂ-ਸਮੇਂ ਤੇ maintenance ਵੀ ਕਰਵਾਈ ਜਾਵੇ।

3.0 ਉਕਤ ਅਨੁਸਾਰ ਜਾਰੀ ਕੀਤੇ ਗਏ ਫੰਡਜ਼ ਦੀ online monitoring ਲਈ ਖਰਚਾ EduFund (Educational Management System) Portal ਤੇ ਸਮੇਂ ਸਿਰ ਅੱਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਸਟੇਟ ਪ੍ਰਾਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ, ਪੰਜਾਬ

**ਪਿੱਠ ਅੰਕਣ ਨੰ:**ਸਮੱਗਰਾ/ਸਮਾਰਟ ਸਕੂਲ/2021/ਉੱਕਤ ਮਿਤੀ: 08-07-2021

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪੀ.ਏ./ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ./ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
3. ਸਮੂਹ ਡੀ.ਐਸ.ਐਮ. /ਏ.ਸੀ. ਸਮਾਰਟ ਸਕੂਲ

ਸਟੇਟ ਪ੍ਰਾਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ, ਪੰਜਾਬ

Table-A ( ਐਲੀਮੈਂਟਰੀ ਸਕੂਲ )

| Sr. No. | Name of district | Primary schools | Middle schools | Total Elementary Schools | Amount @Rs. 10000(Rs. In lac) |
|---|---|---|---|---|---|
| 1 | AMRITSAR | 422 | 70 | 492 | 49.2 |
| 2 | BARNALA | 110 | 23 | 133 | 13.3 |
| 3 | BATHINDA | 295 | 65 | 360 | 36 |
| 4 | FARIDKOT | 220 | 25 | 245 | 24.5 |
| 5 | FATEHGARH SAHIB | 100 | 40 | 140 | 14 |
| 6 | FAZILKA | 332 | 36 | 368 | 36.8 |
| 7 | FEROZEPUR | 215 | 43 | 258 | 25.8 |
| 8 | GURDASPUR | 650 | 227 | 877 | 87.7 |
| 9 | HOSHIARPUR | 520 | 71 | 591 | 59.1 |
| 10 | JALANDHAR | 450 | 100 | 550 | 55 |
| 11 | KAPURTHALA | 190 | 30 | 220 | 22 |
| 12 | LUDHIANA | 665 | 190 | 855 | 85.5 |
| 13 | MANSA | 248 | 41 | 289 | 28.9 |
| 14 | MOGA | 175 | 69 | 244 | 24.4 |
| 15 | MUKTSAR | 200 | 50 | 250 | 25 |
| 16 | PATHANKOT | 203 | 65 | 268 | 26.8 |
| 17 | PATIALA | 442 | 95 | 537 | 53.7 |
| 18 | ROOPNAGAR | 250 | 102 | 352 | 35.2 |
| 19 | S.B.S. NAGAR | 329 | 79 | 408 | 40.8 |
| 20 | SANGRUR | 400 | 22 | 422 | 42.2 |
| 21 | SAS NAGAR | 250 | 101 | 351 | 35.1 |
| 22 | TARN TARAN | 235 | 55 | 290 | 29 |
|  | **Total** | **6901** | **1599** | **8500** | **850** |

Table B ( ਹਾਈ ਅਤੇ ਸੀਨੀਅਰ ਸੈਕੰਡਰੀ )

| Sr. No. | Name of district | High schools | Sr. Secondary schools | Total Secondary schools | Amount @Rs. 15000(Rs. In lac) |
|---|---|---|---|---|---|
| 1 | AMRITSAR | 30 | 20 | 50 | 7.5 |
| 2 | BARNALA | 22 | 10 | 32 | 4.8 |
| 3 | BATHINDA | 20 | 15 | 35 | 5.25 |
| 4 | FARIDKOT | 2 | 0 | 2 | 0.3 |
| 5 | FATEHGARH SAHIB | 0 | 0 | 0 | 0 |
| 6 | FAZILKA | 21 | 13 | 34 | 5.1 |
| 7 | FEROZEPUR | 11 | 5 | 16 | 2.4 |
| 8 | GURDASPUR | 10 | 1 | 11 | 1.65 |
| 9 | HOSHIARPUR | 17 | 3 | 20 | 3 |
| 10 | JALANDHAR | 55 | 35 | 90 | 13.5 |
| 11 | KAPURTHALA | 30 | 40 | 70 | 10.5 |
| 12 | LUDHIANA | 79 | 101 | 180 | 27 |
| 13 | MANSA | 40 | 40 | 80 | 12 |
| 14 | MOGA | 20 | 20 | 40 | 6 |
| 15 | MUKTSAR | 40 | 20 | 60 | 9 |
| 16 | PATHANKOT | 8 | 9 | 17 | 2.55 |
| 17 | PATIALA | 27 | 29 | 56 | 8.4 |
| 18 | ROOPNAGAR | 16 | 15 | 31 | 4.65 |
| 19 | S.B.S. NAGAR | 7 | 1 | 8 | 1.2 |
| 20 | SANGRUR | 8 | 8 | 16 | 2.4 |
| 21 | SAS NAGAR | 0 | 0 | 0 | 0 |
| 22 | TARN TARAN | 1 | 0 | 1 | 0.15 |
|  | **Total** | **464** | **385** | **849** | **127.35** |